ਪ੍ਰੈਸ ਨੋਟ-1

1/21883/2020

ਸੂਚਨਾ ’ਤੇ ਜ਼ਿਲਾ ਲੋਕ ਸੰਪਕਰ ਦਫ਼ਤਰ, ਫਾਜ਼ਿਲਕਾ

ਡਿਪਟੀ ਕਮਿਸ਼ਨਰ ਨੇ ਵੱਖ-ਵੱਖ ਥਾਵਾਂ ਤੇ ਇਕਾਂਤਵਾਸ ਲਈ ਠਹਿਰਾਏ ਮਜ਼ਦੂਰਾਂ

ਦੀ ਰਿਹਾਇਸ਼ ਤੇ ਖਾਣ ਪੀਣ ਦੇ ਪ੍ਰਬੰਧਾਂ ਦਾ ਲਿਆ ਜਾਇਜ਼ਾ

* ਹਰੇਕ ਮਜ਼ਦੂਰ ਦੀ ਸਚੁੱਜੇ ਢੰਗ ਨਾਲ ਸੈਂਪਲ ਲੈ ਕੇ ਰਿਪੋਰਟ ਆਉਣ ’ਤੇ ਘਰਾਂ ਨੰੂ ਭੇਜਣ

ਲਈ ਅਗਲੀ ਕਾਰਵਾਈ ਆਰੰਭੀ ਜਾਵੇਗੀ-ਸੰਧੂ

*ਨਾਂਦੇੜ ਸਾਹਿਬ ਤੋਂ ਪਰਤੇ  ਸ਼ਰਾਧੂਲਆਂ, ਰਾਜਸਥਾਨ ਤੋਂ ਆਈ ਲੇਬਰ ਨੰੂ ਆਈਸੋਲੇਸ਼ਨ ਸੈਂਟਰਾਂ ਅਤੇ ਕੁਆਰਨਟਾਈਨ ਸੈਂਟਰਾਂ ’ਚ ਮੁੱਢਲੀਆਂ ਸੁਵਿਧਾਵਾਂ ਪਹਿਲਕਦਮੀ ਨਾਲ ਮੁਹੱਈਆ ਕਰਵਾਈਆ ਜਾਣ ਦੇ ਆਦੇਸ਼

ਫਾਜ਼ਿਲਕਾ, 3 ਮਈ:

ਡਿਪਟੀ ਕਮਿਸ਼ਨਰ ਸ੍ਰੀ ਅਰਵਿੰਦ ਪਾਲ ਸਿੰਘ ਸੰਧੂ ਨੇ ਅੱਜ ਰੀਹੈਬਲੀਟੇਸ਼ਨ ਸੈਂਟਰ ਫਾਜਿਕਲਾ, ਸਰਕਾਰੀ ਸੀਨੀਅਰ ਸੈਕਟਰੀ ਸਕੂਲ ਘੁਬਾਇਆ ਅਤੇ ਫਿਰੋਜ਼ਪੁਰ ਰੋਡ ਤੇ ਸਥਿਤ ਰਾਧਾ ਸੁਆਮੀ ਡੇਰੇ ’ਚ ਪੰਜਾਬ ਸਰਕਾਰ ਦੇ ਉਪਰਾਲਿਆ ਸਦਕਾ ਰਾਜਸਥਾਨ ਦੇ ਜੈਸਲਮੇਰ ਤੋਂ ਵਾਪਸ ਲਿਆਂਦੀ ਲੇਬਰ ਨੰੂ ਜਿਥੇ ਇਕਾਂਤਵਾਸ ਸਹੂਲਤ ਲਈ ਠਹਿਰਾਇਆ ਗਿਆ ਹੈ ਦਾ ਦੌਰਾ ਕੀਤਾ। ਸ. ਸੰਧੂ ਵੱਲੋਂ ਸਮੁੱਚੀਆਂ ਥਾਵਾਂ ਤੇ ਏਕਾਂਤਵਾਸ ਲਈ ਰੱਖੀ ਲੇਬਰ ਦੇ ਰਹਿਣ-ਸਹਿਣ ਅਤੇ ਖਾਣ ਪੀਣ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ।

ਡਿਪਟੀ ਕਮਿਸ਼ਨਰ ਸ੍ਰੀ ਸੰਧੂਨੇ ਵੱਖ-ਵੱਖ ਥਾਵਾਂ ਤੇ ਕੁਆਰਨਟਾਈਨ ਲਈ ਰੱਖੇ ਮਜ਼ਦੂਰਾਂ ਨੰੂ ਭਰੋਸਾ ਦਿਵਾਇਆ ਕਿ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਹਰੇਕ ਵਿਅਕਤੀ ਦੀ ਸਚੁੱਜੇ ਢੰਗ ਨਾਲ ਸੈਂਪਿਗ ਕੀਤੀ ਜਾ ਰਹੀ ਹੈ ਅਤੇ ਸੈਂਪਲ ਲੈਣ ਤੋਂ ਬਾਅਦ ਰਿਪੋਰਟ ਆਉਣ ’ਤੇ ਘਰਾਂ ਨੰੂ ਭੇਜਣ ਲਈ ਅਗਲੀ ਕਾਰਵਾਈ ਆਰੰਭੀ ਜਾਵੇਗੀ। ਉਨਾਂ ਕਿਹਾ ਕਿ ਇਸ ਦੌਰਾਨ ਚਾਹ, ਪਾਣੀ, ਦੁੱਧ ਅਤੇ ਹੋਰ ਕਿਸੇ ਜਰੂਰੀ ਸਮਾਨ ਦੀ ਕੋਈ ਘਾਟ ਨਹੀ ਆਉਣ ਦਿੱਤੀ ਜਾਵੇਗੀ। ਉਨਾਂ ਸਮੁੱਚੀ ਲੇਬਰ ਨੰੂ ਪੰਜਾਬ ਸਰਕਾਰ ਵੱਲੋਂ ਅਤੇ ਜ਼ਿਲਾ ਪ੍ਰਸ਼ਾਸਨ ਵੱਲੋਂ ਕੀਤੇ ਪ੍ਰਬੰਧਾਂ ਤੇ ਮੁਤਾਬਿਕ ਆਪਸੀ ਦੂਰੀ ਬਣਾ ਕੇ ਰੱਖਣ ਅਤੇ ਹੱਥ ਚੰਗੀ ਤਰਾ ਸਾਫ਼ ਕਰਕੇ ਭੋਜਨ ਆਦਿ ਕਰਨ ਦੀ ਅਪੀਲ ਵੀ ਕੀਤੀ ।

ਇਸ ਮੌਕੇ ਸ .ਸੰਧੂ ਨੇ ਸਬੰਧਤ ਅਧਿਕਾਰੀਆਂ ਨੰੂ ਸਮੇਂ ਸਮੇਂ ਹਰੇਕ ਕੁਆਰਨਟਾਈਨ ਸੈਂਟਰ ਵਿਖੇ ਕਮਰਿਆਂ, ਬਾਥਰੂਮਾਂ ਦੀ ਸਾਫ਼ ਸਫਾਈ, ਪੀਣ ਵਾਲੇ ਪਾਣੀ, ਬਿਜਲੀ ਆਦਿ ਦੇ ਪ੍ਰਬੰਧਾਂ ਤੇ ਨਜ਼ਰਸਾਨੀ ਰੱਖਣ ਦੇ ਆਦੇਸ਼ ਜਾਰੀ ਕੀਤੇ। ਉਨਾਂ ਕਿਹਾ ਕਿ ਛੋਟੇ ਬੱਚਿਆਂ ਨੰੂ ਵਿਸ਼ੇਸ ਤੌਰ ਤੇ ਬਿਸਕੁੱਟ, ਫਰੂਟ ਆਦਿ ਮੁਹੱਈਆ ਕਰਵਾਉਣਾ ਯਕੀਨੀ ਬਣਾਇਆ ਜਾਵੇ। ਉਨਾਂ ਸਮੂਹ ਐਸ.ਡੀ.ਐਮਜ਼ ਨੰੂ ਹਦਾਇਤ ਕੀਤੀ ਕਿ ਨਾਂਦੇੜ ਸਾਹਿਬ ਤੋਂ ਪਰਤੇ ਸ਼ਰਾਧੂਲਆਂ, ਰਾਜਸਥਾਨ ਤੋਂ ਆਈ ਲੇਬਰ ਨੰੂ ਹਰੇਕ ਸਬ ਡਵੀਜ਼ਨ ਪੱਧਰ ’ਤੇ ਸਥਾਪਤ ਆਈਸੋਲੇਸ਼ਨ ਸੈਂਟਰਾਂ ਅਤੇ ਕੁਆਰਨਟਾਈਨ ਸੈਂਟਰਾਂ ’ਚ ਮੁੱਢਲੀਆਂ ਸੁਵਿਧਾਵਾਂ ਪਹਿਲਕਦਮੀ ਨਾਲ ਮੁਹੱਈਆ ਕਰਵਾਈਆ ਜਾਣ। ਉਨਾਂ ਕਿਹਾ ਕਿ  ਜ਼ਿਲਾ ਪੱਧਰ ’ਤੇ ਬਣੇ ਕੁਆਰਨਟਾਈਨ ਸੈਂਟਰਾਂ ਅਤੇ ਆਈਸੋਲੇਸ਼ਨ ਸੈਂਟਰਾਂ ਵਿਖੇ ਸੋਡੀਅਮ ਹਾਈਪੋਕਲੋਰਾਈਟ ਦਾ ਛਿੜਕਾਅ ਕਰਕੇ ਸੈਨੀਟਾਈਜ਼ ਕੀਤਾ ਜਾਵੇ।

ਇਸ ਤੋਂ ਪਹਿਲਾ ਸਿਵਲ ਸਰਜਨ ਡਾ. ਸੁਰਿੰਦਰ ਸਿੰਘ ਨੇ ਦੱਸਿਆ ਕਿ ਵਿੱਦਿਅਕ ਨਗਰੀ ਕੋਟਾ ਤੋਂ ਜ਼ਿਲਾ ਫਾਜ਼ਿਲਕਾ ਦੇ 13 ਵਿਦਿਆਰਥੀ ਪੰਜਾਬ ਸਰਕਾਰ ਵੱਲੋਂ ਭੇਜੀਆ ਬੱਸਾਂ ਰਾਹੀ ਆਏ ਸਨ, ਜਿਨਾਂ ਦੀ ਸੈਂਪਿਗ ਕਰਨ ਉਪਰੰਤ ਰਿਪੋਰਟ ਨੈਗਟਿਵ ਪਾਈ ਗਈ ਅਤੇ ਸਮੂਹ ਵਿਦਿਆਰਥੀਆਂ ਨੰੂ 21 ਦਿਨਾਂ ਲਈ ਉਨਾਂ ਦੇ ਘਰਾਂ ਅੰਦਰ ਏਕਾਂਤਵਾਸ ਲਈ ਪਹਿਲਾ ਹੀ ਭੇਜ ਦਿੱਤਾ

ਗਿਆ ਸੀ।

ਇਸ ਮੌਕੇ ਤਹਿਸੀਲਦਾਰ ਫਾਜ਼ਿਲਕਾ ਪਵਨ ਕੁਮਾਰ, ਤਹਿਸੀਲਦਾਰ ਜਲਾਲਾਬਾਦ ਡੀ.ਪੀ.ਪਾਂਡੇ ਤੋਂ ਇਲਾਵੇ ਕੋਰੋਨਟਾਈਨ ਸੈਂਟਰਾਂ ਲਈ ਲਗਾਏ ਪ੍ਰਬੰਧਕ ਅਤੇ ਨੋਡਲ ਅਫ਼ਸਰ ਵੀ ਹਾਜ਼ਰ ਸਨ।

ਪ੍ਰੈਸ ਨੋਟ-2

1/21885/2020

ਸੂਚਨਾ ਤੇ ਜ਼ਿਲਾ ਲੋਕ ਸੰਪਰਕ ਦਫ਼ਤਰ, ਫ਼ਾਜਿਲਕਾ

ਅਨਾਜ ਮੰਡੀਆਂ ’ਚ ਕਣਕ ਦੀ ਖਰੀਦ ਨਿਰਵਿਘਨ ਜਾਰੀ-ਅਰਵਿੰਦ ਪਾਲ ਸਿੰਘ ਸੰਧੂ

444264 ਮੀਟ੍ਰਿਕ ਟਨ ਕਣਕ ਦੀ ਹੁਣ ਤੱਕ ਹੋਈ ਖਰੀਦ

ਫ਼ਾਜ਼ਿਲਕਾ, 3 ਮਈ

ਡਿਪਟੀ ਕਮਿਸ਼ਨਰ ਸ. ਅਰਵਿੰਦ ਪਾਲ ਸਿੰਘ ਸੰਧੂ ਨੇ ਦੱਸਿਆ ਕਿ ਜ਼ਿਲੇ ਦੀਆਂ ਮੰਡੀਆਂ ਵਿੱਚ ਕਣਕ ਦੀ ਖਰੀਦ ਨਿਰਵਿਘਨ ਜਾਰੀ ਹੈ। ਖਰੀਦ ਦੌਰਾਨ ਅਨਾਜ ਮੰਡੀਆਂ ਵਿੱਚ ਕਿਸਾਨਾਂ ਨੂੰ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ। ਜ਼ਿਲੇ ਦੀਆਂ ਮੰਡੀਆਂ ’ਚ ਹੁਣ ਤੱਕ 450792 ਮੀਟ੍ਰਿਕ ਟਨ ਕਣਕ ਦੀ ਆਮਦ ਹੋਈ ਹੈ, ਜਿਸ ਵਿੱਚੋਂ ਵੱਖ-ਵੱਖ ਖਰੀਦ ਏਜੰਸੀਆਂ ਵੱਲੋਂ 444264 ਮੀਟ੍ਰਿਕ ਟਨ ਕਣਕ ਦੀ ਖ਼ਰੀਦ ਕੀਤੀ ਜਾ ਚੁੱਕੀ ਹੈ। ਕਣਕ ਦੀ ਖਰੀਦ ਉਪਰੰਤ ਲਿਫਟਿੰਗ ਤੇ ਕਿਸਾਨਾਂ ਨੂੰ ਅਦਾਇਗੀ ਨਾਲੋ-ਨਾਲ ਕੀਤੀ ਜਾ ਰਹੀ ਹੈ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਜ਼ਿਲਾ ਫੂਡ ਸਪਲਾਈ ਕੰਟਰੋਲਰ ਰਾਜਰਿਸ਼ੀ ਮਹਿਰਾ ਨੇ ਦੱਸਿਆ ਕਿ ਖਰੀਦ ਦੇ ਬੀਤੇ ਦਿਨ 30167 ਮੀਟ੍ਰਿਕ ਟਨ ਦੀ ਸਰਕਾਰੀ ਏਜੰਸੀਆਂ ਦੁਆਰਾ ਖਰੀਦ ਕੀਤੀ ਗਈ ਹੈ, ਜਿਸ ਵਿਚੋਂ ਪਨਗਰੇਨ ਵੱਲੋਂ 9431 ਮੀਟ੍ਰਿਕ ਟਨ, ਐਫ.ਸੀ.ਆਈ ਵੱਲੋਂ 3792 ਮੀਟ੍ਰਿਕ ਟਨ, ਮਾਰਕਫੈੱਡ ਵੱਲੋਂ 8476 ਮੀਟ੍ਰਿਕ ਟਨ ਅਤੇ ਪਨਸਪ ਵੱਲੋਂ 8468 ਮੀਟ੍ਰਿਕ ਟਨ ਕਣਕ ਖ਼ਰੀਦੀ ਗਈ ਹੈ।

ਪ੍ਰੈਸ ਨੋਟ-3

1/21887/2020

ਸੂਚਨਾ ਤੇ ਜ਼ਿਲ੍ਹਾ ਲੋਕ ਸੰਪਰਕ ਦਫਤਰ ਫਾਜ਼ਿਲਕਾ,

ਪੰਜਾਬ ਸਰਕਾਰ ਨੇ ਢੋਆ ਢੁਆਈ ਵਾਲੇ ਵਾਹਨਾਂ ਅਤੇ ਇਨ੍ਹਾਂ ਵਾਹਨਾਂ ‘ਤੇ ਕੰਮ ਕਰਨ ਵਾਲੇ ਡਰਾਇਵਰਾਂ/ਵਰਕਰਾਂ ਦੀ  ਸਾਫ਼-ਸਫ਼ਾਈ ਸੰਬੰਧੀਂ ਐਡਵਾਈਜ਼ਰੀ ਜਾਰੀ ਕੀਤੀ- ਡਿਪਟੀ ਕਮਿਸ਼ਨਰ

ਫਾਜ਼ਿਲਕਾ, 3 ਮਈ:

ਪੰਜਾਬ ਸਰਕਾਰ ਦੇ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਨੇ ਕੋਵਿਡ-19 ਮਹਾਂਮਾਰੀ ਦੇ ਮੱਦੇਨਜ਼ਰ ਢੋਆ ਢੁਆਈ ਵਾਲੇ ਵਾਹਨਾਂ ਅਤੇ ਇਨਾਂ ਵਾਹਨਾਂ ਤੇ ਕੰਮ ਕਰਨ ਵਾਲੇ ਡਰਾਇਵਰਾਂ/ਵਰਕਰਾਂ ਦੀ ਸਾਫ਼-ਸਫ਼ਾਈ ਸੰਬੰਧੀਂ ਐਡਵਾਈਜ਼ਰੀ ਜਾਰੀ ਕੀਤੀ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸ. ਅਰਵਿੰਦਰ ਪਾਲ ਸਿੰਘ ਸੰਧੂ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਕੋਰਨਾਵਾਇਰਸ ਨੂੰ ਫੈਲਣ ਤੋਂ ਰੋਕਣ ਦੇ ਮੱਦੇਨਜ਼ਰ ਲੋਕ ਹਿੱਤ ਵਿੱਚ ਲਗਾਏ ਕਰਫਿਊ ਕਾਰਨ ਲੋਕਾਂ

ਅਤੇ ਵਾਹਨਾਂ ਦੀ ਆਵਾਜਾਈ ਉੱਤੇ ਸਖਤ ਪਾਬੰਦੀਆਂ ਲਗਾਈਆਂ ਹਨ। ਸਰਕਾਰ ਨੇ ਮੁਸ਼ਕਲਾਂ ਨੂੰ ਘੱਟ ਕਰਨ ਦੇ ਉਦੇਸ਼ ਨਾਲ ਇਸ ਲਾਕਡਾਊਨ / ਕਰਫਿਊ  ਦੌਰਾਨ ਮਾਲ ਢੋਣ ਵਾਲੀਆਂ ਗੱਡੀਆਂ ਨੂੰ ਚਲਾਉਣ ਸਮੇਤ ਜ਼ਰੂਰੀ ਕੰਮਾਂ ਨੂੰ ਜਾਰੀ ਰੱਖਣ ਦੀ ਆਗਿਆ ਦਿੱਤੀ ਹੈ। ਟਰਾਂਸਪੋਰਟਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਕੋਵਿਡ-19 ਦੇ ਸੰਚਾਰਨ ਨੂੰ ਘਟਾਉਣ ਲਈ ਹੇਠਾਂ ਦਿੱਤੇ ਦਿਸ਼ਾ-ਨਿਰਦੇਸ਼ਾਂ ਦੀ ਪੂਰੀ ਤਰਾਂ ਪਾਲਣਾ ਕਰਨ।

ਇਸ ਐਡਵਾਈਜ਼ਰੀ ਵਿਚ ਪੰਜਾਬ ਸਰਕਾਰ ਨੇ ਟਰਾਂਸਪੋਰਟਰਾਂ ਅਤੇ ਉਨਾਂ ਦੇ ਵਰਕਰਾਂ ਨੂੰ ਹਦਾਇਤ ਕੀਤੀ ਹੈ ਕਿ ਉਹ ਸਮਾਜਿਕ ਦੂਰੀ ਰੱਖਣ ਸਬੰਧੀ ਨਿਯਮਾਂ ਦੀ ਪਾਲਣਾ ਕਰਨ ਜੋ ਕਿ ਮਹਾਂਮਾਰੀ ਦੇ ਫੈਲਣ ਦਾ ਸਭ ਤੋਂ ਵੱਡਾ ਕਾਰਨ ਹੈ। ਇੱਕ ਟਰੱਕ ਅਤੇ ਹੋਰ ਸਮਾਨ / ਕੈਰੀਅਰ ਵਾਹਨਾਂ ਨੂੰ ਡਰਾਈਵਿੰਗ ਲਾਇਸੈਂਸ ਧਾਰਕ ਦੋ ਡਰਾਈਵਰਾਂ ਸਮੇਤ ਇੱਕ ਸਹਾਇਕ  ਨਾਲ ਚਲਾਉਣ ਦੀ ਆਗਿਆ ਹੈ। ਖਾਲੀ ਟਰੱਕ / ਵਾਹਨ ਨੂੰ ਵੀ ਮਾਲ ਦੀ ਡਿਲੀਵਰੀ ਤੋਂ ਬਾਅਦ ਜਾਂ ਮਾਲ ਚੁੱਕਣ ਲਈ ਆਉਣ ਜਾਣ ਦੀ ਆਗਿਆ ਹੈ। ਐਡਵਾਈਜ਼ਰੀ ’ ਚ ਡਰਾਈਵਰ ਅਤੇ ਉਸਦੇ ਸਹਾਇਕ ਨੂੰ ਸਲਾਹ ਦਿੱਤੀ ਹੈ ਕਿ ਉਹ ਇੱਕ ਦੂਜੇ ਨੂੰ ਵਧਾਈ ਦੇਣ / ਮਿਲਣ ਸਮੇਂ ਹੱਥ  ਨਾ ਮਿਲਾਉਣ ਅਤੇ ਗਲਵੱਕੜੀ ਨਾ ਪਾਉਣ। ਟਰਾਂਸਪੋਰਟਰ / ਡਰਾਈਵਰ ਅਤੇ ਉਸਦੇ ਸਹਾਇਕ ਨੂੰ ਘਰੋਂ ਚੱਲਣ ਸਮੇਂ ਲੈ ਕੇ ਵਾਪਸ ਘਰ ਮੁੜਣ ਤੱਕ ਕੱਪੜੇ ਦਾ ਮਾਸਕ ਪਾਉਣਾ ਚਾਹੀਦਾ ਹੈ। ਮਾਸਕ ਸਾਰੀ ਯਾਤਰਾ ਦੌਰਾਨ ਪਹਿਨਿਆ ਜਾਵੇ। ਮਾਸਕ ਨੂੰ ਇਸ ਢੰਗ ਨਾਲ ਪਹਿਨਿਆ ਜਾਣਾ ਚਾਹੀਦਾ ਹੈ ਕਿ ਇਹ ਨੱਕ ਦੇ ਨਾਲ ਨਾਲ ਮੂੰਹ ਵੀ ਢੱਕਿਆ ਹੋਵੇ। ਕੱਪੜੇ ਦੇ ਮਾਸਕ ਨੂੰ ਰੋਜ਼ਾਨਾ ਵਰਤੋਂ ਤੋਂ ਬਾਅਦ ਸਾਬਣ ਅਤੇ ਪਾਣੀ ਨਾਲ ਧੋਣਾ ਚਾਹੀਦਾ ਹੈ।

ਉਹਨਾਂ ਕਿਹਾ ਕਿ ਟਰੱਕ ਆਪ੍ਰੇਟਰ ਸੰਸਥਾਵਾਂ / ਐਸੋਸੀਏਸ਼ਨ ਆਦਿ ਨੂੰ ਟਰੱਕਾਂ / ਮਾਲ ਕੈਰੀਅਰਾਂ ਦੇ ਪਾਰਕਿੰਗ ਸਟੇਸ਼ਨਾਂ ਤੇ ਪੈਰ ਨਾਲ ਚੱਲਣ ਵਾਲੀਆਂ ਹੱਥ ਧੋਣ ਦੀਆਂ ਮਸ਼ੀਨਾਂ ਲਗਾਉਣ ਦੀ ਸਲਾਹ ਦਿੱਤੀ ਜਾਂਦੀ ਹੈ। ਸਮਾਜਿਕ ਦੂਰੀ ਦੇ ਨਿਯਮ ਦੀ ਪਾਲਣਾ ਕੀਤੇ ਜਾਣ ਦੇ ਮੱਦੇਨਜ਼ਰ ਅਜਿਹੀਆਂ ਹੱਥ ਧੋਣ ਵਾਲੀਆਂ ਮਸ਼ੀਨਾ ਦੇ ਅੱਗੇ ਨਿਰਧਾਰਤ ਦੂਰੀ ਮੁਤਾਬਕ ਚੱਕਰ ਲਗਾਏ ਜਾਣ ਤਾਂ ਜੋ ਘੱਟੋ-ਘੱਟ 1 ਮੀਟਰ ਦੀ ਦੂਰੀ ਬਰਕਰਾਰ ਰੱਖੀ ਜਾ ਸਕੇ।

ਡਰਾਈਵਰਾਂ ਨੰੂ ਹਦਾਇਤ ਕੀਤੀ ਹੈ ਕਿ ਉਹ ਜਦੋਂ ਵੀ ਮੌਕਾ ਮਿਲੇ  ਹੱਥ ਦੀ ਹਥੇਲੀ ਅਤੇ ਹੱਥ ਦੇ ਪਿਛਲੇ ਪਾਸੇ , ਉਂਗਲਾਂ ਅਤੇ ਅੰਗੂਠੇ ਦੇ ਵਿਚਕਾਰਲੀ ਥਾਂ ਅਤੇ ਗੁੱਟ ਨੂੰ ਘੱਟੋ ਘੱਟ 40 ਸੈਕਿੰਡ ਲਈ ਸਾਬਣ ਨਾਲ ਧੋਣ । ਇਸਦੇ ਨਾਲ ਹੀ ਹਰ ਦੋ ਘੰਟੇ ਬਾਅਦ ਹੱਥ ਧੋਣ ਦੀ ਸਿਫਾਰਸ਼ ਵੀ ਕੀਤੀ ਗਈ ਹੈ। ਡਰਾਈਵਰਾਂ / ਹੈਲਪਰਾਂ ਦੁਆਰਾ ਆਪਣੀ ਯਾਤਰਾ ਲਈ ਟਰੱਕ ਜਾਂ ਮਾਲ ਢੋਣ ਵਾਲੇ ਵਾਹਨ ’ਤੇ ਚੜਨ ਤੋਂ ਪਹਿਲਾਂ ਉੱਪਰ ਦੱਸੇ ਗਏ ਤਰੀਕੇ ਨਾਲ ਹੱਥਾਂ ਨੂੰ ਤਰਜੀਹੀ ਤੌਰ’ ਤੇ ਧੋਣਾ ਲਾਜ਼ਮੀ ਹੈ।

ਐਡਵਾਈਜ਼ਰੀ ਮੁਤਾਬਕ ਟਰੱਕ ਦੇ ਅੰਦਰ ਡਰਾਈਵਰ / ਸਹਾਇਕ ਲਈ ਅਲਕੋਹਲ ਅਧਾਰਤ ਸੈਨੀਟਾਈਜ਼ਰ (ਘੱਟੋ ਘੱਟ 70% ਈਥਾਈਲ ਅਲਕੋਹਲ ਵਾਲਾ) ਲਗਾਇਆ ਜਾਣਾ ਚਾਹੀਦਾ ਹੈ। ਘੱਟੋ-ਘੱਟ 3 ਐਮਐਲ ਸੈਨੀਟਾਈਜ਼ਰ (ਲਗਭਗ 2 ਵਾਰ ਦਬਾ ਕੇ ਕੱਢੋ) ਸੁੱਕੇ ਹੱਥਾਂ ਤੇ ਲਗਾਓ ਅਤੇ ਘੱਟੋ-ਘੱਟ 30 ਸੈਕਿੰਡ ਤੱਕ ਮਲ ਕੇ ਹੱਥ ਧੋਤੇ ਜਾਣ।ਟਰਾਂਸਪੋਰਟਰ / ਡਰਾਇਵਰ / ਸਹਾਇਕਾਂ ਨੂੰ ਸਲਾਹ ਦਿੱਤੀ ਗਈ ਹੈ  ਕਿ ਉਹ ਘਰ ਤੋਂ ਬਾਹਰ ਨਿਕਲਣ ਤੋਂ ਲੈ ਕੇ ਵਾਪਸ ਘਰ ਵਿਚ ਦਾਖਲ ਹੋਣ ਤੱਕ ਕੱਪੜੇ ਦਾ ਮਾਸਕ ਪਹਿਨ ਕੇ ਰੱਖਣ।

ਐਡਵਾਈਜ਼ਰੀ ਵਿਚ ਕਿਹਾ ਗਿਆ ਹੈ ਕਿ ਡਰਾਈਵਰ ਅਤੇ ਹੈਲਪਰ ਨੂੰ ਵਾਰ ਵਾਰ ਹੱਥ ਧੋਣੇ ਚਾਹੀਦੇ ਹਨ ਭਾਵੇਂ ਹੱਥ ਸਾਫ਼ ਹੀ ਨਜ਼ਰ ਆ ਰਹੇ ਹੋਣ। ਚਾਹ-ਬਰੇਕ / ਲੰਚ-ਬਰੇਕ ਦੇ ਸਮੇਂ ਰਿਫਰੈਸ਼ਮੈਂਟ ਨੂੰ ਛੂਹਣ ਤੋਂ ਪਹਿਲਾਂ ਉਨਾਂ ਨੂੰ ਹੱਥ ਧੋਣਾ / ਰੋਗਾਣੂ ਮੁਕਤ ਕਰਨਾ  ਲਾਜ਼ਮੀ ਹੈ। ਡ੍ਰਾਈਵਰ / ਹੈਲਪਰ ਨੂੰ ਹਾਲਟ / ਇੰਤਜ਼ਾਰ ਦੇ ਸਮੇਂ (ਜਿਵੇਂ

ਲੋਡਿੰਗ / ਅਨਲੋਡਿੰਗ) ਦੌਰਾਨ ਇਧਰ ਉਧਰ ਘੁੰਮਣ ਤੋਂ ਵੀ ਪਰਹੇਜ਼ ਕਰਨਾ ਚਾਹੀਦਾ ਹੈ। ਸਤਹ, ਉਪਕਰਣ ਆਦਿ ਨੂੰ ਛੂਹਣ ਤੋਂ ਵੀ ਗੁਰੇਜ਼ ਕਰਨਾ ਚਾਹੀਦਾ ਹੈ। ਉਨਾਂ ਨੂੰ ਤੰਬਾਕੂਨੋਸ਼ੀ ਵਾਲੇ ਉਤਪਾਦਾਂ ਜਿਵੇਂ ਗੁਟਕਾ, ਪਾਨ ਮਸਾਲਾ ਆਦਿ ਨੂੰ ਵਾਹਨ ਵਿਚ ਜਾਂ ਹੋਰ ਸਮਿਆਂ ਦੌਰਾਨ ਨਹੀਂ ਪੀਣਾ ਚਾਹੀਦਾ।

ਸਿਵਲ ਸਰਜਨ ਡਾ. ਸੁਰਿੰਦਰ ਸਿੰਘ ਨੇ ਦੱਸਿਆ ਕਿ ਐਡੀਵਾਈਜ਼ਰੀ ਮੁਤਾਬਿਕ ਖੰਘ / ਛਿੱਕ ਹੋਣ ਦੀ ਸਥਿਤੀ ਵਿੱਚ, ਡਰਾਈਵਰ / ਸਹਾਇਕ ਨੂੰ ਮੂੰਹ ਢੱਕਣ ਲਈ ਰੁਮਾਲ ਦੀ ਵਰਤੋਂ ਕਰਨੀ ਚਾਹੀਦੀ ਹੈ ਜਿਸ ਨੂੰ ਫਿਰ ਆਪਣੀ ਜੇਬ / ਪਰਸ ਵਿੱਚ ਇਸ ਤਰੀਕੇ ਨਾਲ ਰੱਖਿਆ ਜਾਏਗਾ ਕਿ ਖੰਘ ਦੇ ਸੰਪਰਕ ਵਿੱਚ ਆਇਆ ਰੁਮਾਲ ਕਿਸੇ ਸਤਹ, ਸਮਾਨ ਨੂੰ ਸਿੱਧਾ ਨਾ ਛੂਹ ਸਕੇ। ਜੇ ਕਿਸੇ ਡਰਾਇਵਰ ਜਾਂ ਹੈਲਪਰ ਕੋਲ ਰੁਮਾਲ ਨਹੀਂ ਹੈ ਅਤੇ ਉਸਨੂੰ ਖੰਘ /ਛਿੱਕ ਆ ਰਹੀ ਹੋਵੇ ਤਾਂ ਉਸਨੂੰ ਮੂੰਹ ਝੁਕਾ ਕੇ ਕੂਹਣੀ ਵਿੱਚ ਖੰਘ /ਛਿੱਕ ਲੈਣਾ ਚਾਹੀਦਾ ਹੈ ਅਤੇ ਇਸ ਤੋਂ ਤੁਰੰਤ ਬਾਅਦ ਸਾਬਣ ਨਾਲ ਹੱਥ ਧੋਣੇ ਚਾਹੀਦੇ ਹਨ। ਉਨਾਂ ਅੱਗੇ ਕਿਹਾ ਕਿ ਡਰਾਈਵਰ / ਸਹਾਇਕ ਨੂੰ ਹਰ ਸਮੇਂ ਆਪਣੇ ਹੱਥਾਂ ਨਾਲ ਚਿਹਰੇ, ਮੂੰਹ, ਨੱਕ ਅਤੇ ਅੱਖਾਂ ਨੂੰ ਛੂਹਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਉਨ੍ਹਾਂ ਦੱਸਿਆ ਕਿ ਡਰਾਈਵਰਾਂ ਨੂੰ ਵਾਹਨ ਦੇ ਅੰਦਰ ਵਾਲੀ ਸੀਟ, ਗੇਅਰਜ਼ ਆਦਿ ਨੂੰ ਸਾਫ਼ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਸਫਾਈ ਕਰਨ ਤੋਂ ਪਹਿਲਾਂ, ਸਹਾਇਕ ਨੂੰ ਡਿਸਪੋਜ਼ੇਬਲ ਰਬੜ ਦੇ ਬੂਟ, ਦਸਤਾਨੇ (ਚੰਗੀ ਕਵਾਲਿਟੀ), ਅਤੇ ਕੱਪੜੇ ਦਾ ਮਾਸਕ ਪਹਿਨਣਾ ਚਾਹੀਦਾ ਹੈ। ਵਾਹਨ ਨੂੰ ਰੋਜ਼ਾਨਾ ਸਾਬਣ / ਡਿਟਰਜੈਂਟ ਅਤੇ ਪਾਣੀ ਨਾਲ ਸਾਫ਼ ਕਰਨਾ ਚਾਹੀਦਾ ਹੈ। ਉੱਚ ਸੰਪਰਕ ਵਾਲੀਆਂ ਚੀਜ਼ਾਂ ਜਿਵੇਂ ਕਿ ਦਰਵਾਜ਼ੇ ਦੇ ਹੈਂਡਲਜ਼, ਸਟੀਰਿੰਗ ਵੀਲ, ਵਿੰਡੋ ਨੋਬਜ਼, ਗੀਅਰਜ਼ ਅਤੇ ਹੋਰ ਬਟਨਾਂ ਨੂੰ 1% ਸੋਡੀਅਮ ਹਾਈਪੋਕਲੋਰਾਈਟ ਵਿਚ ਭਿੱਜੇ ਲਿਨਨ / ਸੋਖਣ ਯੋਗ ਕਪੜੇ ਨਾਲ ਰੋਜ਼ਾਨਾ ਦੋ ਵਾਰ ਸਾਫ ਕਰਨਾ ਚਾਹੀਦਾ ਹੈ।ਉਨਾਂ ਸਫਾਈ ਪ੍ਰਕਿਰਿਆ ਦੇ ਅੰਤ ਵਿਚ ਸਫਾਈ ਵਿਚ ਵਰਤੇ ਗਏ ਉਪਕਰਣਾਂ ਨੂੰ ਸਾਵਧਾਨੀ ਨਾਲ ਸਾਫ ਕਰਨ ਲਈ ਕਿਹਾ। ਤੇਜ਼ ਬੁਖਾਰ / ਖੰਘ / ਛਿੱਕ, ਸਾਹ ਲੈਣ ਵਿੱਚ ਤਕਲੀਫ ਆਦਿ ਤੋਂ ਪੀੜਤ ਡਰਾਈਵਰ / ਸਹਾਇਕ ਨੂੰ ਸਵੈ-ਇੱਛਾ ਨਾਲ ਆਪਣੇ ਮਾਲਕ ਨੂੰ ਇਸਦੀ ਜਾਣਕਾਰੀ ਦੇਣੀ ਚਾਹੀਦੀ ਹੈ ਤਾਂ ਜੋ ਸਮੇਂ ਸਿਰ ਇਲਾਜ ਲਈ ਤੁਰੰਤ ਡਾਕਟਰੀ ਸਲਾਹ ਲਈ ਜਾ ਸਕੇ। ਡਰਾਈਵਰ / ਸਹਾਇਕ ਨੂੰ ਤੱਥਾਂ ਦੀ ਪੁਸ਼ਟੀ ਕੀਤੇ ਬਗੈਰ ਕੋਵਿਡ-19 ਦੇ ਸੰਬੰਧ ਵਿੱਚ ਫਰਜ਼ੀ ਖ਼ਬਰਾਂ / ਅਫਵਾਹਾਂ ਵੱਲ ਧਿਆਣ ਨਹੀਂ ਦੇਣਾ ਚਾਹੀਦਾ। ਉਨਾਂ ਨੇ ਅੱਗੇ ਕਿਹਾ ਕਿ ਮਾਲਕ ਆਪਣੇ ਵਰਕਰਾਂ ਨੂੰ ਸਹੀ, ਸਮੇਂ ਸਿਰ ਅਤੇ ਪ੍ਰਮਾਣਿਕ ਜਾਣਕਾਰੀ ਲਈ ਪੰਜਾਬ ਸਰਕਾਰ ਦੁਆਰਾ ਵਿਕਸਤ "ਕੋਵਾ ਐਪ" ਡਾਊਨਲੋਡ ਕਰਨ ਲਈ ਉਤਸ਼ਾਹਿਤ ਕਰ ਸਕਦੇ ਹਨ।

ਐਡਵਾਈਜ਼ਰੀ ਵਿਚ ਸਪੱਸ਼ਟ ਕੀਤਾ ਗਿਆ ਹੈ ਕਿ ਪੰਜਾਬ ਸਰਕਾਰ ਨੇ ਡਰਾਈਵਰ / ਸਹਾਇਕ ਨੂੰ ਸਹੀ ਖੁਰਾਕ, ਨੀਂਦ ਲੈਣ ਅਤੇ ਹਰ ਤਰਾਂ ਦੇ ਨਸ਼ਿਆਂ ਤੋਂ ਪ੍ਰਹੇਜ਼ ਕਰਨ ਦੀ ਸਲਾਹ ਦਿੱਤੀ ਹੈ । ਉਨਾਂ ਨੂੰ ਵਾਹਨ ਦੇ ਅੰਦਰ ਖਾਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਵਰਤੇ ਜਾਣ ਵਾਲੇ ਬਰਤਨਾਂ ਨੂੰ ਡਿਸ਼ ਵਾਸ਼ ਬਾਰ / ਤਰਲ ਅਤੇ ਪਾਣੀ ਨਾਲ ਚੰਗੀ ਤਰਾਂ ਸਾਫ਼ ਕੀਤਾ ਜਾਣਾ ਚਾਹੀਦਾ ਹੈ ਅਤੇ ਕਿਸੇ ਨਾਲ ਸਾਂਝਾ ਨਹੀਂ ਕਰਨਾ ਚਾਹੀਦਾ। ਉਨਾਂ ਨੂੰ ਹਮੇਸ਼ਾ ਅਲਕੋਹਲ ਵਾਲੇ ਸੈਨੀਟਾਈਜ਼ਰ ਨੂੰ ਵਾਹਨ ਦੇ ਅੰਦਰ ਰੱਖਣਾ ਚਾਹੀਦਾ ਹੈ ਅਤੇ ਯਾਤਰਾ ਦੌਰਾਨ ਅਕਸਰ ਇਸ ਦੀ ਵਰਤੋਂ ਕਰਨੀ ਚਾਹੀਦੀ ਹੈ। ਡਰਾਈਵਰ / ਹੈਲਪਰ ਨੂੰ ਉਹ ਆਪਣੇ ਵਾਹਨ ਦੇ ਲੋਡਿੰਗ / ਅਨਲੋਡਿੰਗ ਤੋਂ ਪਹਿਲਾਂ / ਬਾਅਦ ਵਿਚ ਨਿਰਧਾਰਤ ਢੰਗ ਨਾਲ ਆਪਣੇ ਹੱਥ ਸਾਬਣ ਅਤੇ ਪਾਣੀ ਨਾਲ ਤੁਰੰਤ ਧੋ ਲੈਣਾ ਚਾਹੀਦਾ ਹੈ। ਡਰਾਈਵਰ / ਸਹਾਇਕ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਵਾਹਨ ਲੋਡਿੰਗ ਜਾਂ ਅਨਲੋਡ ਕਰਦੇ ਸਮੇਂ ਜਾਂ ਸਟੈਂਡ ਤੇ ਖੜੇ ਹੋਏ ਭੀੜ ਨਾ ਕੀਤੀ ਜਾਵਗੇ ਤਾਂ ਜੋ ਸਮਾਜਿਕ ਦੂਰੀ ਦੇ ਨਿਯਮਾਂ ਦੀ ਪਾਲਣਾ ਕੀਤੀ ਜਾ ਸਕੇ। ਇਕੱਤਰਤਾ ਨੂੰ ਰੋਕਣ ਲਈ ਲੋਡ / ਅਨਲੋਡ ਕਰਨ ਲਈ ਘੱਟੋ ਘੱਟ ਲੇਬਰ ਵਰਤੀ ਜਾਵੇ। ਡਰਾਈਵਰ ਨੂੰ ਮਾਲ

ਵਾਹਨ ਚਲਾਉਂਦੇ ਸਮੇਂ ਆਪਣੇ ਅਤੇ ਉਸਦੇ ਸਹਾਇਕ ਦੇ ਵਿਚਕਾਰ ਘੱਟੋ ਘੱਟ 1 ਮੀਟਰ ਦੀ ਦੂਰੀ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ। ਟਰਾਂਸਪੋਰਟਰ ਅਤੇ ਵਰਕਰ ਇਸ ਮਕਸਦ ਲਈ ਅਗਲੀਆਂ ਅਤੇ ਪਿਛਲੀਆਂ ਸੀਟਾਂ 'ਤੇ ਬੈਠ ਸਕਦੇ ਹਨ। ਟਰਾਂਸਪੋਰਟਰ ਨੂੰ ਯਾਤਰਾ ਦੌਰਾਨ ਬੇਲੋੜੀਆਂ ਰੁਕਾਵਟਾਂ ਅਤੇ ਸੰਪਰਕਾਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਨਕਦੀ ਲੈਣ-ਦੇਣ ਵੇਲੇ ਹੱਥਾਂ ਨੂੰ ਤੁਰੰਤ ਸਾਫ਼ ਕਰਨਾ ਚਾਹੀਦਾ ਹੈ ਅਤੇ ਕਿਸੇ ਵੀ ਅਜਿਹੇ ਲੈਣ-ਦੇਣ ਤੋਂ ਹੋਰਾਂ ਵਿਅਕਤੀਆਂ ਨੂੰ ਵੀ  ਆਪਣੇ ਹੱਥ ਧੋਣ ਲਈ ਉਤਸ਼ਾਹਤ ਕਰਨਾ ਚਾਹੀਦਾ ਹੈ।
ਜੇ ਯਾਤਰਾ/ਵੇਟਿੰਗ ਦੇ ਸਮੇਂ ਦੌਰਾਨ ਕਿਸੇ ਡਰਾਇਵਰ ਜਾਂ ਹੈਲਪਰ ਦਾ ਸੰਪਰਕ ਕੋਵਿਡ-19 ਸੰਕਰਮਿਤ ਕਿਸੇ ਵਿਅਕਤੀ ਨਾਲ ਹੋਇਆ ਹੋਵੇ  ਤਾਂ ਘਬਰਾਉਣ ਦੀ ਕੋਈ ਜ਼ਰੂਰਤ ਨਹੀਂ ਹੈ। ਇਸ ਸਬੰਧੀ ਹੈਲਪਲਾਈਨ ਨੰਬਰ 104/ਸਟੇਟ ਕੰਟਰੋਲ ਰੂਮ ਨੰਬਰ 01722920074/08872090029 ਨੂੰ ਰਿਪੋਰਟ ਕਰਨੀ ਚਾਹੀਦੀ ਹੈ ਤਾਂ ਜੋ ਹੋਰ ਜ਼ਰੂਰੀ ਕਾਰਵਾਈਅ ਕਰਨ ਲਈ ਡਾਕਟਰੀ ਸਹੂਲਤ ਦੀ ਸਹਾਇਤਾ ਲਈ ਜਾ ਸਕੇ। ਮਾਲਕ ਇਸ ਲਈ ਹਰੇਕ ਦਿਨ ਲਈ ਸਾਰੇ ਕਰਮਚਾਰੀਆਂ ਦਾ ਇੱਕ ਸੰਪੂਰਨ ਅਤੇ ਢੁੱਕਵਾਂ ਰਿਕਾਰਡ ਕਾਇਮ ਰੱਖਣਾ ਹੋਵੇਗਾ।
ਅਖੀਰ ਵਿੱਚ ਐਡਵਾਈਜ਼ਰੀ ਸਾਰੇ ਨਾਗਰਿਕਾਂ ਨੂੰ ਸਹੀ ਖੁਰਾਕ ਲੈਣ, ਹਰ ਸਮੇਂ ਸਹੀ ਜਾਣਕਾਰੀ ਨਾਲ ਅਪਡੇਟ ਰਹਿਣ, ਅਫਵਾਹਾਂ ਤੋਂ ਬਚਣ ਅਤੇ ਖਾਲੀ ਸਮੇਂ ਦੌਰਾਨ ਮਨੋਰੰਜਕ ਤੇ ਲਾਭਕਾਰੀ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਲਈ ਉਤਸ਼ਾਹਤ ਕਰਦੀ ਹੈ।

ਪ੍ਰੈਸ ਨੋਟ-4

1/21897/2020

ਸੂਚਨਾ ਤੇ ਜ਼ਿਲ੍ਹਾ ਲੋਕ ਸੰਪਰਕ ਦਫ਼ਤਰ, ਫ਼ਾਜ਼ਿਲਕਾ

ਨਾਂਦੇੜ ਸਾਹਿਬ ਤੋਂ ਆਏ 6 ਸ਼ਰਧਾਲੂਆਂ ਦੀ ਰਿਪੋਰਟ ਆਈ ਨੈਗੇਟਿਵ-ਡਿਪਟੀ ਕਮਿਸ਼ਨਰ

*ਇਕ ਬੱਚੇ ਸਮੇਤ 5 ਸ਼ਰਧਾਲੂਆਂ ਦੀ ਰਿਪੋਰਟ ਨੈਗੇਟਿਵ

*113 ਦੀ ਸੈਂਪਲਾਂ ਦੀ ਰਿਪੋਰਟ ਆਉਣੀ ਬਾਕੀ

ਫ਼ਾਜ਼ਿਲਕਾ, 3 ਮਈ

ਨਾਂਦੇੜ ਤੋਂ ਪਰਤੇ 6 ਸ਼ਰਧਾਲੂਆਂ ਦੀ ਕੋਵਿਡ-19 ਬਿਮਾਰੀ ਸਬੰਧੀ ਕਰਵਾਏ ਟੈਸਟ ਦੀ ਰਿਪੋਰਟ ਨੈਗੇਟਿਵ ਆਈ ਹੈ। ਇਹ ਜਾਣਕਾਰੀ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸ. ਅਰਵਿੰਦ ਪਾਲ ਸਿੰਘ ਸੰਧੂ ਨੇ ਦਿੱਤੀ ਹੈ। ਜ਼ਿਲ੍ਹਾਂ ਵਾਸੀਆਂ ਨੂੰ ਕਿਹਾ ਕਿ ਉਹ ਕਿਸੇ ਘਬਰਾਹਟ ਵਿਚ ਨਾ ਆਉਣ ਅਤੇ ਆਪਣੇ ਘਰਾਂ ਵਿਚ ਰਹਿਣ।

ਇਸ ਸਬੰਧੀ ਹੋਰ ਵਧੇਰੇ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ. ਸੁਰਿੰਦਰ ਸਿੰਘ ਨੇ ਦੱਸਿਆ ਕਿ 27 ਅਪ੍ਰੈਲ ਨੂੰ ਪਰਤੇ 9 ਸ਼ਰਧਾਲੂਆਂ ਵਿੱਚੋਂ ਇਕ ਛੋਟੇ ਬੱਚੇ ਦੇ ਸੈਂਪਲ ਲੈ ਕੇ ਫਰੀਦਕੋਟ ਭੇਜੇ ਗਏ ਸੀ ਜਿਸ ਦੀ ਰਿਪੋਰਟ ਨੈਗੇਟਿਵ ਆਈ ਹੈ ਅਤੇ 5

ਹੋਰ ਸ਼ਰਧਾਲੂਆਂ ਦੀ ਰਿਪੋਰਟ ਨੈਗੇਟਿਵ ਪ੍ਰਾਪਤ ਹੋਈ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ 610 ਸੈਂਪਲ ਲਏ ਗਏ ਹਨ, ਜਿਸ ਦੇ ਵਿੱਚੋਂ 113 ਦੀ ਰਿਪੋਰਟ ਆਉਣੀ ਬਾਕੀ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਫ਼ਾਜ਼ਿਲਕਾ ਵਿਖੇ ਸ੍ਰੀ ਹਜ਼ੂਰ ਸਾਹਿਬ ਤੋਂ ਪਰਤੇ 75 ਸ਼ਰਧਾਲੂਆਂ ਵਿੱਚੋਂ 14 ਦੀ ਰਿਪੋਰਟ ਆਉਣ ਤੋਂ ਬਾਅਦ 61 ਸ਼ਰਧਾਲੂਆਂ ਦੀ ਰਿਪੋਰਟ ਬਾਕੀ ਰਹਿ ਗਈ ਹੈ।